1

# ਬਾਈਬਲ ਖ਼ੁਦਾ ਦਾ ਵਚਨ ਹੈ

ਬਾਈਬਲ ਖ਼ੁਦਾ ਦਾ ਵਚਨ ਹੋਣ ਦਾ ਦਾਅਵਾ ਕਰਦੀ ਹੈ। ਇਹਦੇ ਸਫ਼ਿਆਂ ਵਿਚ ਦੋ ਹਜ਼ਾਰ ਤੋਂ ਵੱਧ ਵਾਰ ''ਯਹੋਵਾਹ ਨੇ ਆਖਿਆ'' ਮਿਲਦਾ ਹੈ। ਇਬਰਾਨੀਆਂ 1:1, 2 ਦੱਸਦਾ ਹੈ ਕਿ ''ਪ੍ਰਮੇਸ਼ਵਰ ਨੇ ... ਗੱਲ ਕੀਤੀ ...।'' 2 ਪਤਰਸ 1:21 ਕਹਿੰਦਾ ਹੈ ਕਿ ''ਮਨੁੱਖ ਪਵਿੱਤਰ ਆਤਮਾ ਦੇ ਉਕਸਾਉਣ ਨਾਲ ਪ੍ਰਮੇਸ਼ਵਰ ਦੀ ਵੱਲੋਂ ਬੋਲਦੇ ਸਨ।'' ਪਵਿੱਤਰ ਲਿਖਤ ਖ਼ੁਦਾ ਦੇ ਆਤਮਾ ਦੀ ਪ੍ਰੇਰਣਾ ਨਾਲ ਦਿੱਤੀ ਗਈ ਹੈ: ''ਸਾਰੀ ਲਿਖਤ ਪ੍ਰਮੇਸ਼ਵਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ। ਭਈ ਪ੍ਰਮੇਸ਼ਵਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ'' (2 ਤਿਮੋਥਿਉਸ 3:16, 17)।

ਕਈ ਲੋਕ ਬਾਈਬਲ ਨੂੰ ਇਕ ਚੰਗੀ ਕਿਤਾਬ ਮੰਨਦੇ ਹਨ, ਪਰ ਇਹਨੂੰ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤਾ ਹੋਇਆ ਨਹੀਂ ਮੰਨਦੇ। ਅਸਲ 'ਚ ਇੰਜ ਨਹੀਂ ਹੋ ਸਕਦਾ ਕਿਉਂਕਿ ਜੇ ਇਹ ਖ਼ੁਦਾ ਦਾ ਵਚਨ ਨਹੀਂ ਹੈ, ਤਾਂ ਫਿਰ ਇਹ ਇਕ ਫ਼ਰੇਬ ਹੈ।

ਭਲਾ ਇਹ ਮੰਨਣ ਦਾ ਕੋਈ ਕਾਰਣ ਹੈ ਕਿ ਬਾਈਬਲ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤਾ ਗਿਆ ਵਚਨ ਹੈ? ਸਾਡਾ ਮੰਨਣਾ ਹੈ ਕਿ ਕਈ ਕਾਰਣ ਹਨ ਜਿਨ੍ਹਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਖ਼ੁਦਾ ਦਾ ਵਚਨ ਹੈ। ਇਸ ਪਾਠ ਵਿਚ ਉਨ੍ਹਾਂ ਵਿੱਚੋਂ ਕੁਝ ਕਾਰਨਾਂ ਦੀ ਵਿਆਖਿਆ ਕੀਤੀ ਗਈ ਹੈ।

ਪਹਿਲਾਂ ਅਸੀਂ ਉਨ੍ਹਾਂ ਕਾਰਣਾਂ 'ਤੇ ਵਿਚਾਰ ਕਰਦੇ ਹਾਂ ਜਿਨ੍ਹਾਂ ਨੂੰ ''ਅੰਦਰੂਨੀ ਸਬੂਤ'' ਕਿਹਾ ਜਾਂਦਾ ਹੈ। ਬਾਈਬਲ ਖ਼ੁਦਾ ਦੇ ਆਤਮਾ ਤੋਂ ਦਿੱਤੇ ਹੋਣ ਦਾ ਸਬੂਤ ਦਿੰਦੀ ਹੈ। ਬਾਈਬਲ 'ਚ ਵਿਸ਼ਵਾਸ ਵਧਾਉਣ ਦੇ ਢੰਗਾਂ ਵਿੱਚੋਂ ਇਕ ਇਹਨੂੰ ਪੜ੍ਹਨਾ ਹੈ।

## ਪਵਿੱਤਰ ਬਾਈਬਲ ਦੀ ਏਕਤਾ ਅਤੇ ਇਕਸੁਰਤਾ

ਜਿਸ ਕਿਤਾਬ ਨੂੰ ਅਸੀਂ ਬਾਈਬਲ ਆਖਦੇ ਹਾਂ, ਉਹਨੂੰ ਛਿਆਹਠ ਕਿਤਾਬਾਂ ਮਿਲਾ ਕੇ ਛਾਪਿਆ ਗਿਆ ਹੈ। ਇਹ ਸਭ ਕਿਤਾਬਾਂ ਇਕੋ ਸਮੇਂ ਨਹੀਂ ਲਿਖੀਆਂ ਗਈਆਂ। ਉਨ੍ਹਾਂ ਨੂੰ ਲਗਭਗ ਚਾਲੀ ਆਦਮੀਆਂ ਰਾਹੀਂ, ਸੋਲਾਂ ਸੌ ਸਾਲ ਤੋਂ ਵੱਧ ਵਕਫ਼ੇ ਦੌਰਾਨ ਲਿਖਿਆ ਗਿਆ। ਇਨ੍ਹਾਂ ਸਭ ਆਦਮੀਆਂ ਨੇ ਵੱਖੋ-ਵੱਖ ਵਿਸ਼ਿਆਂ 'ਤੇ ਫ਼ਰਕ-ਫ਼ਰਕ ਨਜ਼ਰੀਏ ਨਾਲ ਲਿਖਿਆ ਸੀ। ਅਖ਼ੀਰ ਇਨ੍ਹਾਂ ਸਭ ਕਿਤਾਬਾਂ ਨੂੰ ਇਕੱਠੀਆਂ ਕਰਕੇ ਇਕ ਜਿਲਦ ਵਿਚ ਬੰਨ੍ਹ ਦਿੱਤਾ ਗਿਆ। ਇਹਨੂੰ ਪੜ੍ਹ ਕੇ ਬੰਦਾ ਮੰਨ ਜਾਂਦਾ ਹੈ ਕਿ ਪਵਿੱਤਰ ਬਾਈਬਲ ਇੱਕੋ ਹੀ ਕਿਤਾਬ ਹੈ। ਪੂਰੀ

ਬਾਈਬਲ ਵਿਚ ਇਕਸੁਰਤਾ, ਏਕਤਾ ਅਤੇ ਤਾਲਮੇਲ ਨਜ਼ਰ ਆਉਂਦਾ ਹੈ।

ਇਸ ਵਿਚ ਲਿਖੀਆਂ ਗੱਲਾਂ ਇਕ ਦੂਜੇ ਦੇ ਉਲਟ ਹੋਣ ਦੀ ਬਜਾਏ ਮੰਨ ਲਓ ਕਿ ਵਿਗਿਆਨੀਆਂ ਦੀ ਇਕ ਜਮਾਤ ਇਸੇ ਤਰੀਕੇ ਨਾਲ ਇਕ ਕਿਤਾਬ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਤੁਹਾਨੂੰ ਕੀ ਲਗਦਾ ਹੈ ਕਿ ਇਸ ਕੋਸ਼ਿਸ਼ ਦਾ ਕੀ ਨਤੀਜਾ ਹੋਵੇਗਾ? ਅਜਿਹੀ ਕਿਤਾਬ ਵਿਚ ਆਪਸੀ ਵਿਰੋਧਾਂ ਦੀ ਭਰਮਾਰ ਹੋਵੇਗੀ। ਹਾਂ, ਅਜਿਹੇ ਫ਼ਰਕ ਹਾਲਾਤ ਅਤੇ ਵੱਖੋ-ਵੱਖ ਲੋਕਾਂ ਰਾਹੀਂ ਤਿਆਰ ਕੀਤੀ ਕਿਤਾਬ ਦੀ ਏਕਤਾ ਇਨ੍ਹਾਂ ਲੋਕਾਂ ਦੀ ਰੂਹਾਨੀ ਰਹਿਨੁਮਾਈ ਹੋਣ ਦੀ ਜ਼ਬਰਦਸਤ ਹਮਾਇਤ ਕਰਦੀ ਹੈ।

## ਨਬੂਵਤਾਂ ਅਤੇ ਉਨ੍ਹਾਂ ਦਾ ਪੂਰਾ ਹੋਣਾ

ਅੰਦਰੂਨੀ ਸਬੂਤ ਦੀ ਗੱਲ ਜੋ ਸ਼ਾਇਦ ਬਾਈਬਲ ਦੇ ਪਾਠਕਾਂ ਨੂੰ ਸਭ ਤੋਂ ਵੱਧ ਪ੍ਰਭਾਵਤ ਕਰਦੀ ਹੈ, ਉਹ ਹੈ ਇਹਦੇ ਲੇਖਕਾਂ ਵੱਲੋਂ ਵਿਖਾਇਆ ਗਿਆ ਅਨੋਖਾ ਪੂਰਵ ਗਿਆਨ। ਉਨ੍ਹਾਂ ਨੇ ਭਵਿੱਖ ਵਿਚ ਹੋਣ ਵਾਲੀਆਂ ਘਟਨਾਵਾਂ ਨੂੰ ਇਵੇਂ ਲਿਖਿਆ ਜਿਵੇਂ ਉਹ ਇਤਿਹਾਸ ਲਿਖ ਰਹੇ ਹੋਣ। ਸਬੂਤ ਦੀ ਮਾਲਾ ਵਿਚ ਇਕ ਮਜ਼ਬੂਤ ਕੜੀ ਬਣ ਜਾਂਦੀ ਹੈ। ਪੁਰਾਣੇ ਨੇਮ ਦੀ ਲਿਖਤ ਵਿਚ ਤਿੰਨ ਸ਼ਾਨਦਾਰ ਕਿਸਮ ਦੀਆਂ ਨਬੂਵਤਾਂ ਮਿਲਦੀਆਂ ਹਨ।

### ਕੌਮਾਂ ਦੇ ਉੱਠਣ ਅਤੇ ਡਿੱਗਣ ਅਤੇ ਸ਼ਹਿਰਾਂ ਦੀ ਬਰਬਾਦੀ ਦੀਆਂ ਨਬੂਵਤਾਂ

ਯਹੋਸ਼ੁਆ 6:26 ਦੀ ਪੇਸ਼ਨਗੋਈ ਪੰਜ ਸੌ ਤੋਂ ਵੱਧ ਸਾਲਾਂ ਬਾਅਦ ਪੂਰੀ ਹੋਈ ਸੀ। ਇਹਦਾ ਪੂਰਾ ਹੋਣਾ 1 ਰਾਜਿਆਂ 16:34 ਵਿਚ ਮਿਲਦਾ ਹੈ। ਨਹੂਮ ਅਤੇ ਸਫ਼ਨਯਾਹ ਦੋਹਾਂ ਨੇ ਹੀ ਨੀਨਵੇ ਦੀ ਬਰਬਾਦੀ ਦੀ ਅਗਾਊਂ ਜਾਣਕਾਰੀ ਦੇ ਦਿੱਤੀ ਸੀ। ਯਸਾਯਾਹ ਨੇ ਬਾਬੁਲ ਦੇ ਡਿੱਗਣ ਦੀ ਨਬੂਵਤ ਕੀਤੀ ਸੀ ਅਤੇ ਬਾਦਸ਼ਾਹ ਖੋਰੁਸ ਦੇ ਜਨਮ ਤੋਂ ਪਹਿਲਾਂ ਉਹਦੇ ਨਾਂਅ ਦੀ ਨਬੂਵਤ ਕਰ ਦਿੱਤੀ ਗਈ ਸੀ (ਯਸਾਯਾਹ 45:1)। ਦਾਨੀਏਲ ਨੇ ਦੁਨੀਆਂ ਦੀਆਂ ਹਕੂਮਤਾਂ ਦੇ ਉੱਠਣ ਅਤੇ ਡਿੱਗਣ ਦੀ ਸਿਲਸਿਲੇਵਾਰ ਨਬੂਵਤ ਕੀਤੀ ਸੀ (ਦਾਨੀਏਲ 2)। ਯਰੂਸ਼ਲਮ ਦੀ ਬਰਬਾਦੀ ਤੋਂ ਪਹਿਲਾਂ ਯਿਸੂ ਵੱਲੋਂ ਇਹਦਾ ਵੇਰਵਾ ਦਿੱਤਾ ਗਿਆ ਸੀ (ਮੱਤੀ 24)।

### ਯਹੂਦੀ ਕੌਮ ਬਾਰੇ ਨਬੂਵਤਾਂ

ਰਾਜ ਕਾਇਮ ਹੋਣ ਤੋਂ ਤਿੰਨ ਸੌ ਸਾਲ ਪਹਿਲਾਂ, ਵਿਵਸਥਾਸਾਰ 28:36 ਇਸਰਾਏਲ ਦੇ ਰਾਜੇ ਦੀ ਨਬੂਵਤ ਕਰ ਦਿੱਤੀ ਗਈ ਸੀ। ਇਸੇ ਆਇਤ ਵਿਚ ਬਾਬੁਲ ਦੀ ਗ਼ੁਲਾਮੀ ਵਿਚ ਹੋਣ ਤੋਂ ਅੱਠ ਸੌ ਸਾਲ ਪਹਿਲਾਂ ਇਹਦੀ ਪੇਸ਼ਨਗੋਈ ਕਰ ਦਿੱਤੀ ਗਈ ਸੀ। ਯਿਰਮਿਯਾਹ ਨੇ ਇਹ ਕਹਿ ਕੇ ਕਿ ਇਸਰਾਏਲ ਨੂੰ ਵੇਖ ਕੇ ਲੋਕ ਭੈਭੀਤ ਹੋਣਗੇ ਅਤੇ ਤਾਲੀਆਂ ਵਜਾਉਣਗੇ, ਇਸਦੀ ਬਰਬਾਦੀ ਦੀ ਨਬੂਵਤ ਕਰ ਦਿੱਤੀ ਗਈ ਸੀ (ਯਿਰਮਿਯਾਹ 25:9)। ਮੂਸਾ ਨੇ ਪੇਸ਼ਨਗੋਈ ਕੀਤੀ ਸੀ ਕਿ ਇਸਰਾਏਲ ਨਮੂਨਾ ਅਤੇ ਅਖਾਣ ਦੀ ਵਜ੍ਹਾ ਮੰਨਿਆ ਜਾਵੇਗਾ (ਵਿਵਸਥਾਸਾਰ 28:37)। ਅਗਲੇ ਯੁਗਾਂ ਵਿਚਲਾ ਇਸਰਾਏਲ ਦਾ ਇਤਿਹਾਸ ਪੁਰਾਣੇ ਨੇਮ ਦੇ ਲੇਖਕਾਂ ਨੂੰ ਖ਼ੁਦਾ ਦੀ ਪ੍ਰੇਰਣਾ ਤੋਂ ਲਿਖਣ ਦੀ ਸਭ ਤੋਂ ਪੁਖ਼ਤਾ ਗਵਾਹੀ ਹੈ।

### ਯਿਸੂ ਬਾਰੇ ਨਬੂਵਤਾਂ

ਆਮ ਤੌਰ 'ਤੇ ਜੀਵਨੀ ਆਦਮੀ ਦੇ ਮਰਨ ਦੇ ਬਾਅਦ ਹੀ ਲਿਖੀ ਜਾਂਦੀ ਹੈ। ਪਰ ਇੱਥੇ

ਇਕ ਅਜਿਹਾ ਆਦਮੀ ਹੈ ਜਿਹਦੀ ਜ਼ਿੰਦਗੀ ਦੀ ਕਹਾਣੀ ਮੁੱਖ ਤੌਰ 'ਤੇ ਉਹਦੇ ਪੈਦਾ ਹੋਣ ਦੇ ਪਹਿਲਾਂ ਹੀ ਲਿਖੀ ਗਈ ਸੀ। ਪੁਰਾਣੇ ਨੇਮ ਦੇ ਸੈਂਕੜੇ ਵੇਰਵੇ ਯਿਸੂ ਨਾਸਰੀ ਬਾਰੇ ਹਨ। ਇਹ ਪੇਸ਼ਨਗੋਈਆਂ ਅਤੇ ਉਨ੍ਹਾਂ ਦੇ ਪੂਰਾ ਹੋਣ ਦੀ ਇਤਿਹਾਸਕਤਾ ਪੁਰਾਣੇ ਨੇਮ ਦੇ ਨਬੀਆਂ ਨੂੰ ਖ਼ੁਦਾ ਦੀ ਪ੍ਰੇਰਣਾ ਨਾਲ ਬੋਲਣ ਅਤੇ ਯਿਸੂ ਦੇ ਖ਼ੁਦਾ ਵੱਲੋਂ ਹੋਣ ਨੂੰ ਸਾਬਤ ਕਰਦੀਆਂ ਹਨ, ਜਿਹਨੇ ਉਨ੍ਹਾਂ ਨੂੰ ਪੂਰਾ ਕੀਤਾ। ਸਾਨੂੰ ਹੇਠ ਲਿਖੀਆਂ ਨਾਲ ਜੁੜੀ ਹਰ ਨਬੂਵਤ ਮਿਲਦੀ ਹੈ:

1. ਉਹਦੀ ਵੰਸ਼ਾਵਲੀ (ਉਤਪਤ 3:15; 12:3; 49:10; ਯਸਾਯਾਹ 11:1; ਯਿਰਮਿਯਾਹ 23:5)
2. ਉਹਦਾ ਜਨਮ (ਯਸਾਯਾਹ 7:14; ਮੀਕਾਹ 5:2)
3. ਉਹਦੀ ਜ਼ਿੰਦਗੀ (ਯਸਾਯਾਹ 53:3-9; ਹੋਸ਼ੇਆ 11:1)
4. ਉਹਦੀ ਮੌਤ (ਜ਼ਬੂਰ 22:16-18; 34:20; ਯਸਾਯਾਹ 53:9)
5. ਉਹਦਾ ਦਫ਼ਨਾਇਆ ਜਾਣਾ (ਯਸਾਯਾਹ 53:9)
6. ਉਹਦਾ ਜੀ ਉੱਠਣਾ (ਜ਼ਬੂਰ 16:10)
7. ਉਹਦਾ ਉੱਪਰ ਉਠਾਇਆ ਜਾਣਾ (ਜ਼ਬੂਰ 68:18)

ਇਸ ਤਰ੍ਹਾਂ ਧਰਤੀ 'ਤੇ ਆਉਣ ਤੋਂ ਪਹਿਲਾਂ ਹੀ ਸਾਨੂੰ ਉਹਦੀ ਜ਼ਿੰਦਗੀ ਦੀ ਕਹਾਣੀ ਮਿਲ ਜਾਂਦੀ ਹੈ। ਮੈਨੂੰ ਅਜਿਹਾ ਕਦੇ ਕੁਝ ਨਹੀਂ ਮਿਲਿਆ ਜਿਸ ਨਾਲ ਇਹਨਾ ਨਬੂਵਤਾਂ ਵਿਚ ਦਿੱਤੇ ਮਜ਼ਬੂਤ ਤਰਕ ਦਾ ਵਿਰੋਧ ਹੋ ਸਕਦਾ ਹੋਵੇ।

## ਬਾਈਬਲ ਦੀ ਦਰੁਸਤੀ

ਬਾਈਬਲ ਅਤੇ ਵਿਗਿਆਨ ਬਾਰੇ ਹਾਲ ਹੀ ਦੇ ਸਾਲਾਂ ਵਿਚ ਬਹੁਤ ਕੁਝ ਕਿਹਾ ਗਿਆ ਹੈ। ਕੁਝ ਲੋਕਾਂ ਨੇ ਬਾਈਬਲ ਨੂੰ ਲਾਂਭੇ ਰੱਖਣ ਦੀ ਤਿਆਰੀ ਵੀ ਕਰ ਲਈ ਹੈ, ਕਿਉਂਕਿ ਉਨ੍ਹਾਂ ਸੁਣਿਆ ਹੈ ਕਿ ਇਹ ਵਿਗਿਆਨਕ ਸੱਚਾਈਆ ਨਾਲ ਸਹਿਮਤ ਨਹੀਂ ਹੈ। ਇਹਦੇ ਉਲਟ, ਬਾਈਬਲ ਦੀਆਂ ਸਿਖਿਆਵਾਂ ਅਤੇ ਅਸਲ ਗਿਆਨ ਵਿਚ ਕੋਈ ਵਿਰੋਧ ਨਹੀਂ ਹੈ।

ਬਾਈਬਲ ਅਤੇ ਵਿਗਿਆਨ ਦੀ ਚਰਚਾ ਵਿਚ ਦੋ ਗੱਲਾਂ ਸਾਹਮਣੇ ਆਉਂਦੀਆਂ ਹਨ। ਪਹਿਲੀ, ਬਾਈਬਲ ਵਿਚ ਕੋਈ ਵਿਗਿਆਨਕ ਨੁਕਸ ਨਹੀਂ ਹੈ। ਹੋ ਸਕਦਾ ਹੈ ਕਿ ਪਹਿਲੀ ਵਾਰ ਵਿਚਾਰ ਕਰਨ 'ਤੇ ਬਾਈਬਲ ਦੇ ਖ਼ੁਦਾ ਵੱਲੋਂ ਹੋਣ ਦਾ ਸਬੂਤ ਅਹਿਮ ਨਾ ਲੱਗੇ। ਪਰ ਜਦ ਅਸੀਂ ਬਾਈਬਲ ਦੇ ਲਿਖੇ ਜਾਣ ਦੇ ਸਮੇਂ ਵਿਚ ਮੌਜੂਦ ਗਲਤੀਆਂ 'ਤੇ ਧਿਆਨ ਕਰਦੇ ਹਾਂ, ਤਾਂ ਸਾਨੂੰ ਮੰਨਣਾ ਹੀ ਪਵੇਗਾ ਕਿ ਇਸ ਕਿਤਾਬ ਵਿਚ ਅਜਿਹੀਆਂ ਖ਼ਾਮੀਆਂ ਦਾ ਨਾ ਹੋਣਾ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ। ਮੈਂ ਬਾਈਬਲ ਵਿਚ ਉਸ ਸਭ ਕਰਕੇ ਵੀ ਯਕੀਨ ਰੱਖਦਾ ਹਾਂ ਜੋ ਇਸ ਵਿਚ *ਨਹੀਂ* ਹੈ। ਜੇ ਇਹਦੇ ਲੇਖਕਾਂ ਨੂੰ ਖ਼ੁਦਾ ਦੀ ਪ੍ਰੇਰਣਾ ਨਾ ਹੁੰਦੀ, ਤਾਂ ਇਹ ਕਿਵੇਂ ਹੋ ਸਕਦਾ ਸੀ ਕਿ ਉਸ ਜ਼ਮਾਨੇ ਵਿਚ ਐਨੀ ਬਹੁਤਾਇਤ ਵਿਚ ਪਾਈਆਂ ਜਾਣ ਵਾਲੀਆਂ ਬੇਕਾਰ ਖ਼ਾਮੀਆਂ ਅਤੇ ਮੂਰਖਤਾ ਭਰੇ ਵਿਚਾਰ ਪਵਿੱਤਰ ਲਿਖਤ ਵਿਚ ਨਾ ਮਿਲਦੇ? ਇਸ ਵਿਚਾਰ ਦਾ ਕਿ ਬਾਈਬਲ ਦੇ ਲੇਖਕਾਂ ਨੇ ਆਪਣੇ ਜਮਾਨੇ ਦੀ ਬੁੱਧ ਨੂੰ ਹੀ ਲਿਖਿਆ, ਇਸ ਗੱਲ ਨਾਲ ਹੀ ਖੰਡਨ ਹੋ ਜਾਂਦਾ ਹੈ।

ਦੂਜੀ, ਬਾਈਬਲ ਦੇ ਲੇਖਕਾਂ ਨੇ ਵਿਗਿਆਨ ਦੀਆਂ ਉਨ੍ਹਾਂ ਸੱਚਾਈਆਂ ਨੂੰ ਦਰਜ ਕੀਤਾ ਹੈ ਜਿਨ੍ਹਾਂ ਨੂੰ ਉਸ ਵਕਤ ਤਕ ਇਨਸਾਨ ਨੇ ਨਹੀਂ ਲੱਭਿਆ ਸੀ। ਗੋਲ ਧਰਤੀ, ਗੁਰਤਾਕਰਸ਼ਣ ਦਾ ਨਿਯਮ ਅਤੇ ਉੱਤਰ ਦਿਸ਼ਾ ਵਿਚ ਖਾਲੀ ਥਾਂ ਅਣਲੱਭੀਆਂ ਸੱਚਾਈਆਂ ਦੀਆਂ ਕੁਝ ਅਜਿਹੀਆਂ ਉਦਾਹਰਣਾਂ ਹਨ ਜੋ ਬਾਈਬਲ ਵਿਚ ਹੀ ਮਿਲਦੀਆਂ ਹਨ (ਯਸਾਯਾਹ 40:22; ਅੱਯੂਬ 26:7)। ਫਿਰ ਸਾਨੂੰ 2 ਪਤਰਸ 1:21 ਵਿਚ ਦਿੱਤੇ ਨਿਚੋੜ ਨੂੰ ਮੰਨਣਾ ਹੀ ਪੈਂਦਾ ਹੈ ਕਿ ''ਕਿਉਂਕਿ ਕੋਈ ਅਗੰਮ ਵਾਕ ਮਨੁੱਖ ਦੀ ਇੱਛਾ ਤੋਂ ਕਦੇ ਨਹੀਂ ਆਇਆ ਸਗੋਂ ਮਨੁੱਖ ਪਵਿੱਤਰ ਆਤਮਾ ਦੇ ਉਕਸਾਉਣ ਨਾਲ ਪ੍ਰਮੇਸ਼ਵਰ ਦੇ ਵੱਲੋਂ ਬੋਲਦੇ ਸਨ।'' ਬਿਨਾਂ ਖ਼ੁਦਾ ਦੀ ਪ੍ਰੇਰਣਾ ਦੇ ਇਹ ਲੋਕ ਇਨ੍ਹਾਂ ਗੱਲਾਂ ਨੂੰ ਨਹੀਂ ਜਾਣ ਸਕਦੇ ਸਨ! ਉਨ੍ਹਾਂ ਨੂੰ ਪਵਿੱਤਰ ਆਤਮਾ ਵੱਲੋਂ ਲਿਖਣ ਦੀ ਪ੍ਰੇਰਣਾ ਮਿਲੀ ਸੀ! ਕੁਝ ਲੋਕਾਂ ਨੂੰ ਵਿਗਿਆਨ ਦੀ ਰੌਸ਼ਨੀ ਵਿਚ ਬਾਈਬਲ ਪੜ੍ਹਨ ਤੋਂ ਡਰ ਲੱਗ ਸਕਦਾ ਹੈ, ਪਰ ਬਾਈਬਲ ਨੂੰ ਕਿਸੇ ਤੋਂ ਡਰਨ ਦੀ ਲੋੜ ਨਹੀਂ ਹੈ! ਅਜਿਹੀ ਅਗਨੀ ਪ੍ਰੀਖਿਆ ਵਿੱਚੋਂ ਨਿੱਕਲ ਕੇ ਇਹ ਪਹਿਲਾਂ ਨਾਲੋਂ ਵੱਧ ਕੀਮਤੀ ਹੋ ਜਾਂਦੀ ਹੈ।

## ਸਾਰ

ਬਾਈਬਲ ਦੁਨੀਆਂ ਦੀ ਸਭ ਤੋਂ ਪਿਆਰੀ ਅਤੇ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ ਹੈ। ਭਾਵੇਂ ਇਹਦੇ ਲਈ ਕੁਝ ਲੋਕਾਂ ਨੇ ਆਪਣੀ ਜਾਨ ਵੀ ਦੇ ਦਿੱਤੀ ਹੈ, ਪਰ ਇਹਨੂੰ ਨਫ਼ਰਤ ਕਰਨ ਵਾਲਿਆਂ ਦੀ ਕਮੀ ਵੀ ਨਹੀਂ ਹੈ। ਦੁਸ਼ਮਣਾਂ ਨੇ ਇਹਦਾ ਨਾਮੋ-ਨਿਸ਼ਾਨ ਮਿੱਟ ਜਾਣ ਦੀਆਂ ਨਬੂਵਤਾਂ ਕੀਤੀਆਂ ਸਨ, ਪਰ ਇਹ ਅਵਿਨਾਸ਼ੀ ਹੈ। ਇਹ ਅੱਗ, ਤਲਵਾਰ ਅਤੇ ਹਰ ਉਸ ਤਾਕਤ ਦਾ ਮੁਕਾਬਲਾ ਕਰਦੀ ਹੋਈ, ਜੋ ਇਹਦੇ ਖ਼ਿਲਾਫ਼ ਹਨ, ਕਾਇਮ ਹੈ।

ਐਨੀ ਉਮਰ ਹੋਣ ਦੇ ਬਾਵਜੂਦ ਵੀ, ਬਾਈਬਲ ਦੀ ਪ੍ਰਾਸੰਗਿਕਤਾ ਘਟੀ ਨਹੀਂ ਹੈ। ਇਸ ਵਿਚ ਕਦੇ ਸੁਧਾਰ ਦੀ ਗੁੰਜਾਇਸ਼ ਨਹੀਂ ਮਿਲੀ। ਇਹ ਬਿਲਕੁਲ ਵਿਕਸਿਤ, ਭਾਵ ਹਰ ਯੁੱਗ ਦੇ ਲੋਕਾਂ ਲਈ ਤਿਆਰ ਕੀਤੀ ਕਿਤਾਬ ਹੈ। ਇਹ ਦੇ ਇਲਾਹੀ ਹੋਣ ਦਾ ਇਹ ਇਕ ਹੋਰ ਪੁਖ਼ਤਾ ਸਬੂਤ ਹੈ। ਇਹ ਹਮੇਸ਼ਾ ਹੀ ਪ੍ਰਾਸੰਗਿਕ ਰਹੀ ਹੈ। ਅਸਮਾਨ ਅਤੇ ਜ਼ਮੀਨ ਟਲ ਜਾਣਗੇ, ਪਰ ਖ਼ੁਦਾ ਦਾ ਵਚਨ ਹਮੇਸ਼ਾ ਕਾਇਮ ਰਹੇਗਾ (ਯਸਾਯਾਹ 40:8; 1 ਪਤਰਸ 1:25)।